ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 20 ਜੂਨ, 1999

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਗਰੀਬ ਦੁਸ਼ਮਣ ਸਿਸਟਮ ਨੂੰ ਬਦਲਣਾ ਮੁੱਖ ਮੁੱਦਾ ਹੈ

ਗਰੀਬ ਦੁਸ਼ਮਣ ਵਰਤਾਰਾ, ਜਿਹੜਾ ਇਸ ਦੇਸ਼ ਵਿਚ ਸਰਕਾਰੀ ਅਤੇ ਸਮਾਜਿਕ ਪੱਧਰ 'ਤੇ ਚੱਲ ਰਿਹਾ ਹੈ, ਉਸਦਾ ਮਾਰੂ ਅਸਰ ਰੋਜ਼ ਦੀਆਂ ਅਖ਼ਬਾਰਾਂ ਵਿਚ ਆ ਰਿਹਾ ਹੈ। ਪਰ ਸਿਤਮ ਜ਼ਰੀਫ਼ੀ ਇਹ ਹੈ ਕਿ ਇਸ ਨੂੰ ਖ਼ਬਰਾਂ ਵਾਕੁਨ ਹੀ ਪੜ੍ਹਕੇ ਅੱਖੋਂ-ਪਰੋਖੇ ਕੀਤਾ ਜਾਂਦਾ ਹੈ। ਇਹੀ ਰਵੱਈਆ ਅਪਣਾਇਆ ਜਾਂਦਾ ਹੈ ਕਿ ਇਹ ਤਾਂ ਹੋਣਾ ਹੀ ਹੈ। ਫੇਰ ਕੀ ਹੋਇਆ? ਭਲਾ ਕੋਈ ਕੀ ਕਰ ਸਕਦਾ ਹੈ? ਇਸ ਰਵੱਈਏ ਨੂੰ ਬਦਲਣ ਦੀ ਲੋੜ ਹੈ। ਦੇਸ਼ ਦੀ ਸੁਰੱਖਿਆ ਵਾਕੁਨ ਇਹ ਵੀ ਮਹੱਤਵਪੂਰਨ ਮਸਲੇ ਹਨ, ਜੋ ਸਾਡਾ ਧਿਆਨ ਮੰਗਦੇ ਹਨ।

ਮਿਸਾਲ ਦੇ ਤੌਰ 'ਤੇ 17 ਜੂਨ 1999 ਦੀ ਅਖ਼ਬਾਰ ਲੈ ਲਈਏ। ਇਕ ਖ਼ਬਰ ਹੈ ਕਿ ਚੰਡੀਗੜ੍ਹ ਸੈਕਟਰ 21 ਦੀ ਮਾਰਕੀਟ ਦੇ ਇਕ ਬਰਾਂਡੇ ਵਿਚ 4  ਸਾਲਾ ਇਕ ਔਰਤ ਦਾ ਦੋ ਵਿਅਕਤੀਆਂ ਵੱਲੋਂ ਬਲਾਤਕਾਰ ਕੀਤਾ ਗਿਆ। ਇਹ ਵਾਰਦਾਤ ਰਾਤ ਡੇਢ ਵਜੇ ਹੋਈ। ਔਰਤ ਦਿਮਾਗੀ ਤੌਰ 'ਤੇ ਹਿੱਲੀ ਹੋਈ ਸੀ। ਉਹ ਗੁੜਗਾਓਂ ਜ਼ਿਲ੍ਹੇ ਦੇ ਇਕ ਪਿੰਡ ਦੀ ਸੀ। ਬੇਘਰੀ ਹੋਣ ਕਰਕੇ ਉਹ ਸੈਕਟਰ 21 ਦੀ ਮਾਰਕੀਟ ਦੇ ਇਕ ਬਰਾਂਡੇ ਵਿਚ ਸੌਂ ਗਈ। ਉਹਦੇ ਨਾਲ ਜ਼ਬਰਦਸਤੀ  ਬਹਾਦੁਰ ਚੌਕੀਦਾਰ ਅਤੇ ਉਸੇ ਬਰਾਂਡੇ ਵਿਚ ਰੋਜ਼ ਸੌਣ ਵਾਲੇ ਇਕ ਹੋਰ ਵਿਅਕਤੀ ਬਲਰਾਮ ਨੇ ਕੀਤਾ। ਸਵੇਰੇ ਉਸ ਔਰਤ ਨੇ ਥਾਣੇ ਰੀਪੋਰਟ ਕੀਤੀ। ਮੈਡੀਕਲ ਰੀਪੋਰਟ ਨੇ ਬਲਾਤਕਾਰ ਸਾਬਤ ਕੀਤਾ। ਖ਼ਬਰ ਵਿਚ ਹੈ ਕਿ ਔਰਤ ਦਾ ਦਿਮਾਗੀ ਤਵਾਜ਼ੁਨ ਕਾਇਮ ਨਹੀਂ ਸੀ। ਇਕ ਇਕੱਲੀ ਗੁੜਗਾਓਂ ਦੀ ਔਰਤ, ਦੂਰ-ਦੁਰਾਡੇ ਆਏ ਟੱਬਰ ਤੋਂ ਦੂਰ ਨਿਪਾਲੀ ਚੌਕੀਦਾਰ ਅਤੇ ਇਕ ਬਿਹਾਰੀ ਵਿਅਕਤੀ ਸਾਰੇ ਹੀ ਹਾਲਾਤ ਦੇ ਸ਼ਿਕਾਰ ਹਨ। ਬਿਮਾਰ ਸਮਾਜ ਦੇ ਬਿਮਾਰ ਵਿਅਕਤੀ ਸਮਾਜਿਕ ਨੈਤਿਕਤਾ ਲਈ ਇਹ ਖ਼ਤਰਾ ਹਨ। ਇਹ ਇਸ ਲਈ ਨਾਕਸ ਸਿਸਟਮ ਦੀ ਦੇਣ ਹਨ। ਇਸ ਸਿਸਟਮ ਨੂੰ ਬਦਲਣ ਦਾ ਏਜੰਡਾ ਤਾਂ ਅਸੀਂ ਹੁਣ ਪਿੱਛੇ ਕਿਉਂ ਪਾਇਆ ਹੋਇਆ ਹੈ? ਸਾਡੇ ਲਈ ਇਸ ਵੱਡੇ ਸਵਾਲ ਨੂੰ ਸੰਬੋਧਨ ਹੋਣਾ ਜ਼ਰੂਰੀ ਹੈ।

ਇਸੇ ਦਿਨ ਇਕ ਹੋਰ ਖ਼ਬਰ ਹੈ, 102 ਵਿਚੋਂ 100 ਫੇਲ੍ਹ, ਬਲਾਕ ਘਨੌਰ ਦੇ ਪਿੰਡ ਮਰਦਾਂਪੁਰ ਦੇ ਸਕੂਲ ਵਿਚ 102 ਇਮਤਿਹਾਨ ਦੇਣ ਵਾਲਿਆਂ ਵਿਚੋਂ ਸਿਰਫ਼ ਦੋ ਹੀ ਪਾਸ ਹੋਏ ਹਨ। ਬਾਕੀ 100 ਫੇਲ੍ਹ ਹੋ ਗਏ ਹਨ। ਖ਼ਬਰ ਵਿਚ ਪਿੰਡ ਦੀ ਪੰਚਾਇਤ ਵੱਲੋਂ ਮੰਗ ਹੈ ਕਿ ਟੀਚਰਾਂ ਨੇ ਪੜ੍ਹਾਇਆ ਨਹੀਂ। ਇਥੇ ਫਰ ਉਹੀ ਗੱਲ ਆਂਦੀ ਹੈ ਕਿ ਇਹ ਸਿਸਟਮ ਕਿਨ੍ਹਾਂ ਦੀ ਭਲਾਈ ਲਈ ਚੱਲ ਰਿਹਾ ਹੈ? ਚੰਡੀਗੜ੍ਹ ਦੇ ਸੈਕਟਰ 35 ਦੇ ਸਰਕਾਰੀ ਮਾਡਲ ਸਕੂਲ ਦੇ 100 ਵਿਚੋਂ 100 ਬੱਚੇ ਪਾਸ, 80 ਫਸਟ ਡਵੀਜ਼ਨ ਵਾਲੇ, 5 ਮੈਰਿਟ ਵਾਲੇ, 3 ਸੁਪਰ ਮੈਰਿਟ ਵਾਲੇ। ਇਹ ਵੀ ਸਰਕਾਰੀ ਸਕੂਲ ਹੈ। ਘਨੌਰ ਦਾ ਵੀ ਸਰਕਾਰੀ ਸਕੂਲ ਹੈ। ਟੀਚਰਾਂ ਦੀਆਂ ਤਨਖਾਹਾਂ ਉਹੋ ਹਨ। ਫ਼ਰਕ ਹੈ ਕਿ ਇਕ ਵਿਚ ਵੱਡੇ ਲੋਕਾਂ ਦੇ ਬੱਚੇ ਪੜ੍ਹਦੇ ਹਨ। ਦੂਜੇ ਵਿਚ ਗਰੀਬ ਲੋਕਾਂ ਦੇ ਬੱਚੇ ਪੜ੍ਹਦੇ ਹਨ। ਇਹ ਸਿਸਟਮ ਕਿਉਂਕਿ ਗਰੀਬ ਦੁਸ਼ਮਣ ਹੈ, ਇਸ ਲਈ ਗਰੀਬਾਂ ਦੇ ਬੱਚੇ ਲਾਪਰਵਾਹੀ ਦੇ ਸ਼ਿਕਾਰ ਹਨ।  ਇਸ ਸਿਸਟਮ ਵੱਲ ਇਲਜ਼ਾਮ ਦੀ ਉਂਗਲ ਰੱਖਣਾ ਸਾਡਾ ਫ਼ਰਜ਼ ਹੈ। ਇਸ ਨੂੰ ਬਦਲਣਾ ਸਾਡੇ ਸਿਆਸੀ ਏਜੰਡੇ ਦੀ ਵੱਡੀ ਲੋੜ ਹੈ।

ਉਸ ਦਿਨ ਤੀਜੀ ਖ਼ਬਰ ਹੈ ਕਿ ਚੰਡੀਗੜ੍ਹ ਵਿਚ ਭਿਖਾਰੀਆਂ ਦੇ ਵਿਰੁੱਧ ਵੱਡੇ ਪੈਮਾਨੇ 'ਤੇ ਪੁਲਸ ਕਾਰਵਾਈ ਸ਼ੁਰੂ ਕੀਤੀ ਗਈ ਹੈ। ਪੁਲਸ ਮੁਖੀ ਨੇ ਇਹ ਗੱਲ ਕਹੀ ਹੈ ਕਿ ਇਹ ਗੱਲ ਕੋਈ ਸੌਖੀ ਗੱਲ ਨਹੀਂ ਕਿਉਂਕਿ ਕਈ ਪੇਸ਼ਿਆਂ ਦੇ ਮੁਕਾਬਲੇ ਵਿਚ ਭਿਖਾਰੀ ਦਾ ਪੇਸ਼ਾ ਵਿੱਤੀ ਤੌਰ 'ਤੇ ਲਾਭਦਾਇਕ ਹੈ। ਇਸ ਵਿਚ ਕਮਾਈ ਬਹੁਤੀ ਹੈ। ਕਾਨੂੰਨੀ ਤੌਰ 'ਤੇ ਭੀਖ ਮੰਗਣਾ ਇਕ ਜੁਰਮ ਹੈ। ਪਰ ਇਹ ਜੁਰਮ ਕਾਇਮ ਹੈ। ਪੁਲਸ ਮੁਖੀ ਰੈਡੀ ਦਾ ਇਹ ਕਹਿਣਾ ਹੈ ਕਿ ਵੱਡੀ ਗਿਣਤੀ ਵਿਚ ਪਰਵਾਸੀ ਜਿਹੜੇ ਇਸ  ਸ਼ਹਿਰ ਵਿਚ ਆ ਗਏ ਹਨ, ਇਹ ਪੇਸ਼ਾ ਉਹਨਾਂ ਕਰਕੇ ਵਧ-ਫੁੱਲ ਰਿਹਾ ਹੈ। ਪਹਿਲੇ ਇਸ ਤੋਂ ਇਹ ਵੀ ਖ਼ਬਰ ਸੀ ਕਿ ਪਰਵਾਸੀਆਂ ਦੇ ਆਉਣ ਕਰਕੇ ਜਿਸਮ ਫਿਰੋਸ਼ੀ ਦਾ ਧੰਦਾ ਵੀ ਵਧ-ਫੁੱਲ ਰਿਹਾ ਹੈ। ਇਹ ਭੀਖ ਮੰਗੀ, ਇਹ ਜਿਸਮ ਫਿਰੋਸ਼ੀ ਇਹ ਕਿਸਦੀ ਦੇਣ ਹਨ? ਇਸ ਸਵਾਲ ਦਾ ਜਵਾਬ ਸਾਫ਼ ਹੈ ਕਿ ਇਹ ਗਰੀਬ ਦੁਸ਼ਮਣ ਸਿਸਟਮ ਦੀ ਦੇਣ ਹਨ। ਕਿਦ੍ਹਾ ਜੀ ਕਰਦਾ ਹੈ ਕਿ ਆਪਣੇ ਦੇਸ਼ ਤੋਂ ਪ੍ਰਦੇਸ਼ ਆਵੇ। ਹੱਥ ਅੱਡਕੇ ਭਿੱਖਿਆ ਮੰਗੇ। ਜਿਸਮ ਦਾ ਸੌਦਾ ਕਰੇ। ਨਿਥਾਣਾ ਹੋ ਕੇ ਮਾਰਕੀਟ ਦੇ ਬਰਾਂਡਿਆਂ ਵਿਚ ਸੌਂਵੇਂ, ਦੂਰ-ਦੁਰਾਡੇ ਦੀਆਂ ਥਾਵਾਂ 'ਤੇ ਜਾ ਕੇ ਰਾਤੀਂ ਚੌਕੀਦਾਰਾ ਕਰੇ, ਸੜਕ ਉੱਤੇ ਸੌਂਵੇਂ। ਇਹਨਾਂ ਸਾਰੀਆਂ ਗੱਲਾਂ ਬਾਰੇ ਸਾਡਾ ਫ਼ਿਕਰ ਜ਼ਰੂਰੀ ਹੈ। ਇਸ ਗਰੀਬ ਦੁਸ਼ਮਣ, ਸਿਸਟਮ ਨੂੰ ਬੁਨਿਆਦੀ ਤੌਰ 'ਤੇ ਬਦਲਣਾ ਸਾਡਾ ਮੁੱਖ ਸਿਆਸੀ ਏਜੰਡਾ ਹੋਣਾ ਚਾਹੀਦਾ ਹੈ। ਸਾਡਾ ਇਹ ਨਿਸ਼ਾਨਾ ਧੁੰਦਲਾ ਨਹੀਂ ਹੋਣਾ ਚਾਹੀਦਾ। ਇਹੀ ਗੱਲਾਂ ਕਮਿਊਨਿਸਟਾਂ ਨੂੰ ਦੂਜਿਆਂ ਤੋਂ ਵੱਖ ਕਰਦੀਆਂ ਹਨ।